ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ), ਬਠਿੰਡਾ

ਵੱਲ

ਸਮੂਹ ਸਕੂਲ ਮੁਖੀ, ਸਮੂਹ ਬਲਾਕ ਨੋਡਲ ਅਫਸਰ
ਸਮਸ/ਸਹਸ/ਸਸਸਸ /ਪ੍ਰਾਈਵੇਟ / ਏਡਿਡ ਸਕੂਲ
ਜ਼ਿਲ੍ਹਾ ਬਠਿੰਡਾ ।

ਪੱਤਰ ਨੰਬਰ: ਬ-ਨ/2026/7284 ਮਿਤੀ: 10/11/2026

ਹਵਾਲਾ ਪੱਤਰ ਨੰਬਰ: SCERT/RAA/e-598347/2026302879 ਮਿਤੀ: ਸ ਅ ਸ ਨਗਰ 15-10-2026

ਵਿਸ਼ਾ: ਪ੍ਰੋਜੈਕਟ ਇਨੋਵੇਸ਼ਨ 2026 ਅਧੀਨ ਜਿਲ੍ਹਾ ਪੱਧਰ ਦੀਆਂ ਵਿਗਿਆਨ ਪ੍ਰਦਰਸ਼ਨੀਆਂ ਕਰਵਾਉਣ ਸਬੰਧੀ

Department of Education in Science and Mathematics, NCERT ਨਵੀਂ ਦਿੱਲੀ ਅਨੁਸਾਰ ਉਕਤ ਵਿਗਿਆਨ ਪ੍ਰਦਰਸ਼ਨੀ ਲਈ "Science, Technology and Innovation for a Sustainable and Viksit Bharat" ਥੀਮ ਅਧੀਨ ਹੇਠ ਲਿਖੇ ਛੇ ਸਭ ਥੀਮ ਨਿਰਧਾਰਿਤ ਕੀਤੇ ਗਏ ਹਨ;

Sub-Themes
1. Artificial Intelligence (AI) for Better Life
2. Green Energy and Environment Conservation
3. Health, Hygiene and Sanitation
4. Indigenous Agriculture Practices
5. Science For Rural Transformation
6. Disaster Management

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਵਿਚ ਦਰਜ ਮਿਤੀਆਂ ਨੂੰ ਐਲੀਮੈਂਟਰੀ ਪੱਧਰ ਅਤੇ ਸੈਕੰਡਰੀ ਪੱਧਰ ਦੀਆਂ ਜਿਲ੍ਹਾਂ ਪੱਧਰੀ ਵਿਗਿਆਨ ਪ੍ਰਦਰਸ਼ਨੀਆਂ ਦਾ ਆਯੋਜਨ ਟੀਚਰਜ ਹੋਮ ਬਠਿੰਡਾ ਵਿਖੇ ਮਿਤੀ 12/11/2026 ਅਤੇ 13/11/2026 ਨੂੰ ਕੀਤਾ ਜਾਣਾ ਹੈ। ਸੋ ਹਰੇਕ ਸਭ ਥੀਮ ਵਿੱਚੋਂ ਬਲਾਕ ਪੱਧਰ ਤੋਂ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ ਜ਼ਿਲਾ ਪੱਧਰੀ ਮੁਕਾਬਲੇ ਵਿੱਚ ਭਾਗ ਲੈਣਗੇ ਅਤੇ ਹਰੇਕ ਸਬਥੀਮ ਵਿੱਚੋਂ ਜ਼ਿਲਾ ਪੱਧਰ ਤੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਰਾਜ ਪੱਧਰੀ ਮੁਕਾਬਲੇ ਵਿੱਚ ਭਾਗ ਲੈਣਗੇ।

ਜ਼ਿਲਾ ਪੱਧਰ ਤੇ ਭਾਗ ਲੈਣ ਵਾਲੇ ਵਿਦਿਆਰਥੀ ਆਪਣੇ ਮਾਡਲ ਦੀ ਪੇਸ਼ਕਾਰੀ ਸਬੰਧੀ ਛੋਟੀ ਵੀਡੀਓ ਅਤੇ ਲਿਖਤ, ਪ੍ਰਦਰਸ਼ਨੀ ਦੇ ਸਥਾਨ ਤੇ ਜਮਾ ਕਰਵਾਉਣੀ ਯਕੀਨੀ ਬਣਾਉਣਗੇ।

ਲੜੀ ਨੰ	ਜਿਲ੍ਹਾਂ ਪੱਧਰੀ ਸਾਇੰਸ ਵਿਗਿਆਨ ਪ੍ਰਦਰਸ਼ਨੀ	ਮਿਤੀ
1	ਐਲੀਮੈਂਟਰੀ ਪੱਧਰ 6th to 8th ਜਮਾਤ	12/11/2026
2	ਸੈਕੰਡਰੀ ਪੱਧਰ 9th to 10th ਜਮਾਤ	13/11/2026

ਸੋ ਸਬੰਧਤ ਸਕੂਲਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕੀ ਉਹ ਆਪਣੇ ਸਕੂਲ ਦੀਆਂ ਟੀਮਾਂ ਦੇ ਨਾਲ ਗਾਈਡ ਅਧਿਆਪਕਾਂ ਨੂੰ ਇਸ ਕੰਪੀਟੀਸ਼ਨ ਵਿੱਚ ਭਾਗ ਲੈਣ ਲਈ ਪਾਬੰਦ ਕਰਨ। ਲੜਕੀਆਂ ਦੀ ਟੀਮ ਨਾਲ ਮਹਿਲਾ ਗਾਈਡ ਅਧਿਆਪਕ ਦਾ ਹੋਣਾ ਜਰੂਰੀ ਹੈ।

ਇਸ ਪ੍ਰੋਗਰਾਮ ਦੇ ਓਵਰ ਆਲ ਇੰਚਾਰਜ ਜਿਲਾ ਕੋਆਰਡੀਨੇਟਰ RAA ਡਾ ਸੰਜੀਵ ਕੁਮਾਰ ਨਾਗਪਾਲ ਹੋਣਗੇ।

10/11/26

ਜਿਲ੍ਹਾਂ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ)
ਬਠਿੰਡਾ ।

10/11/26